# ਡਾਇਰੈਕਟੋਰੇਟ,ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ।
## (ਪੀ.ਬੀ.ਸ਼ਾਖਾ)

---

ਰਜਿਸਟਰਡ
ਸੇਵਾ ਵਿਖੇ,

ਰਜਿਸਟਰਾਰ,
ਬਾਬਾ ਫਰੀਦ ਯੂਨੀਵਿਸਿਟੀ ਆਫ ਹੈਲਥ ਸਾਇੰਸਜ਼,
ਫਰੀਦਕੋਟ।

ਮੀਮੋ ਨੰ: ਪੀ.ਬੀ(5)ਪੰ-16/ 3063
ਮਿਤੀ ਚੰਡੀਗੜ੍ਹ: 29.11.16

**ਵਿਸ਼ਾ:-** ਰੇਡੀਉਗ੍ਰਾਫਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਭਰਨ ਸਬੰਧੀ।

*****

ਉਪਰੋਕਤ ਵਿਸ਼ੇ ਦੇ ਸਬੰਧ ਵਿਚ।

ਸਰਕਾਰ ਦੇ ਪਿੰ:ਅ:ਨੰਬਰ:1/06/2016-1ਸਿ5/748560/4 ਮਿਤੀ 6-5-16 ਰਾਹੀ ਹੋਰਨਾ ਅਸਾਮੀਆਂ ਦੇ ਨਾਲ ਰੇਡੀਉਗ੍ਰਾਫਰ ਦੀਆਂ ਅਸਾਮੀਆਂ ਨੂੰ ਐਸ.ਐਸ.ਐਸ ਬੋਰਡ ਪੰਜਾਬ ਰਾਹੀ ਨਾ ਭਰਦੇ ਹੋਏ ਬਾਬਾ ਫਰੀਦ ਯੂਨੀਵਰਸਿਟੀ ਰਾਹੀਂ ਟੈਸਟ ਲੈਕੇ ਬਿਨਾਂ ਇੰਟਰਵਿਊ ਤੋਂ ਭਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ:-

ਸੇਵਾ ਨਿਯਮਾਂ ਵਿਚ ਰੇਡੀਉਗ੍ਰਾਫਰ ਦੀ ਅਸਾਮੀ (ਲੜੀ ਨੰ: 10) 100% ਸਿੱਧੀ ਭਰਤੀ ਰਾਹੀਂ ਭਰਨ ਦਾ ਉਪਬੰਧ ਕੀਤਾ ਗਿਆ ਅਤੇ ਇਨ੍ਹਾਂ ਨਿਯਮਾਂ ਅਨੁਸਾਰ ਰੇਡੀਉਗ੍ਰਾਫਰ ਦੀ ਅਸਾਮੀ ਲਈ ਵਿਦਿਅਕ ਅਤੇ ਤਕਨੀਕੀ ਯੋਗਤਾ ਨਿਮਨ-ਲਿਖਤ ਅਨੁਸਾਰ ਹੈ:-

| | | | |
|---|---|---|---|
| **Radiographer** | **90** | **10300-34800+3600** | **(i)Should have passed the senior secondary part-II Examination in Science or its equivalent from a recognized university or Institution and (ii) Should possesses a 2 year's diploma in Radiograpy from a recognized university or institution.** |

ਇਸ ਦਫ਼ਤਰ ਵਲੋਂ ਰੇਡੀਉਗ੍ਰਾਫਰ ਦੀਆਂ 90 ਖਾਲੀ ਅਸਾਮੀਆਂ ਭਰਨ ਦੀ ਤਜਵੀਜ ਹੈ। ਇਨ੍ਹਾਂ ਖਾਲੀ ਅਸਾਮੀਆਂ ਦਾ ਵਰਗੀਕਰਨ ਨਿਮਨ-ਲਿਖਤ ਅਨੁਸਾਰ ਬਣਦਾ ਹੈ:-

| ਅਸਾਮੀ ਦਾ ਨਾਮ | ਭਰੀਆਂ ਜਾਣ ਵਾਲੀਆਂ ਕੁਲ ਅਸਾਮੀਆਂ | ਭਰੀਆਂ ਜਾਣ ਵਾਲੀਆਂ ਅਸਾਮੀਆਂ ਦੀ ਕੋਟਾ ਦੀ ਗਿਣਤੀ | ਭਰੀਆਂ ਜਾਣ ਵਾਲੀਆਂ ਅਸਾਮੀਆਂ ਦੀ ਗਿਣਤੀ |
|---|---|---|---|
| ਰੇਡੀਓਗ੍ਰਾਫਰ | 90 | ਜਨਰਲ | 35 |
| | | ਐਸ.ਸੀ. (ਐਮ.ਬੀ) | 10 |
| | | ਐਸ.ਸੀ (ਆਰ.ਓ) | 9 |
| | | ਸਾਬਕਾ ਫੌਜੀ | 7 |
| | | ਬੀ.ਸੀ | 9 |
| | | ਹੈਡੀਕੈਪਡ | 12 (3+9 (ਬੈਕਲਾਗ) |
| | | ਐਸ.ਸੀ.(ਸਾਬਕਾ ਫੌਜੀ) | 3 |
| | | ਜਨਰਲ (ਖਿਡਾਰੀ) | 1 |
| | | ਬੀ.ਸੀ.(ਸਾਬਕਾ ਫੌਜੀ) | 2 |
| | | ਐਸ.ਸੀ. (ਖਿਡਾਰੀ) | 1 |
| | | ਫਰੀਡਮ ਫਾਈਟਰ | 1 |
| | | ਕੁਲ | 90 |

ਉਪਰੋਕਤ ਨੂੰ ਮੱਦੇਨਜਰ ਰੱਖਦੇ ਹੋਏ ਰੇਡੀਉਗ੍ਰਾਫਰਾਂ **ਦੀਆਂ 90** ਖਾਲੀ **ਅਸਾਮੀਆਂ** ਉਕਤ ਵੇਰਵੇ ਅਨੁਸਾਰ ਪੰਜਾਬ ਹੈਲਥ ਐਂਡ ਫੈਮਲੀ ਵੈਲਫੇਅਰ **ਟੈਕਨੀਕਲ** (ਗਰੁਪ-ਸੀ) ਨਿਯਮ-2016 ਅਨੁਸਾਰ ਇਹ ਅਸਾਮੀਆਂ ਭਰਨ ਲਈ ਬਿਨੈਕਾਰਾਂ ਪਾਸੋਂ ਅਰਜੀਆਂ ਮੰਗਣ ਉਪਰੰਤ ਉਨ੍ਹਾਂ ਦਾ ਲਿਖਤੀ ਟੈਸਟ ਲੈਣ ਉਪਰੰਤ, **ਕਾਉਂਸਲਿੰਗ** ਵੀ ਅਪਣੇ **ਪੱਧਰ ਤੇ** ਕਰਵਾਕੇ ਚੁਣੇ ਗਏ ਉਮੀਦਵਾਰਾਂ ਦੀ ਲਿਸਟ ਤਿਆਰ ਕਰਕੇ **ਤੁਰੰਤ ਇਸ** ਦਫ਼ਤਰ ਨੂੰ **ਭੇਜੀ** ਜਾਵੇ।

**(ਅ) Terms and conditions.**

1. ਬਿਨੈਕਾਰ ਨੂੰ ਅਪਣੀ ਪ੍ਰਤੀ ਬੇਨਤੀ ਵਿਚ ਅਪਣਾ ਰਿਹਾਇਸ਼ੀ ਪੱਕਾ ਪਤਾ ਅਤੇ ਪੱਤਰ ਵਿਹਾਰ ਲਈ ਪਤਾ ਅੰਕਿਤ ਕਰਨਾ ਲਾਜਮੀ ਹੈ।
2. **ਬਿਨੈਕਾਰ** ਦੀ ਉਮਰ ਮਿਤੀ 1-1-2016 ਨੂੰ 18 ਤੋਂ 37 **ਸਾਲ ਤੱਕ**, ਪਰੰਤੂ **ਐਸ.ਸੀ./ਐਸ.ਟੀ.** ਜਾਂ ਦੂਜੀ ਰਾਖਵੀਆਂ ਕੈਟਾਗਰੀਆਂ ਦੇ **ਮਾਮਲੇ ਵਿਚ** ਪੰਜਾਬ **ਸਰਕਾਰ** ਵਲੋਂ ਸਮੇਂ ਸਮੇਂ ਸਿਰ ਜਾਰੀ ਉਮਰ ਦੀ ਛੋਟ **ਸਬੰਧੀ ਹਦਾਇਤਾਂ** ਲਾਗੂ ਹੋਣਗੀਆਂ।
3. ਬਿਨੈਕਾਰ ਨੇ 10ਵੀਂ ਪੱਧਰ ਤੱਕ ਪੰਜਾਬੀ ਵਿਸ਼ੇ ਨਾਲ ਪ੍ਰੀਖਿਆ ਪਾਸ ਕੀਤੀ ਹੋਵੇ।
4. **ਰਾਖਵੀ ਸ੍ਰੇਣੀ** ਲਈ ਪ੍ਰਾਪਤ ਹੋਏ ਬਿਨੈਪੱਤਰ ਨਾਲ ਸਰਕਾਰ ਦੀਆਂ **ਹਦਾਇਤਾਂ** ਅਨੁਸਾਰ **ਰਾਖਵੀਂ** ਸ੍ਰੇਣੀ ਦਾ ਸਰਟੀਫਿਕੇਟ ਜਰੂਰ ਨੱਥੀ ਹੋਣਾ ਚਾਹੀਦਾ **ਹੈ**। **ਇਹ ਸਰਟੀਫਿਕੇਟ** ਨਾਲ ਨੱਥੀ ਨਾ ਹੋਣ ਦੀ ਸੂਰਤ ਵਿਚ ਬਿਨੈਕਾਰ ਦੀ ਅਰਜੀ ਨੂੰ **ਜਰਨਲ ਸ੍ਰੇਣੀ** ਵਿਚ ਵਿਚਾਰਿਆ ਜਾਵੇਗਾ ਅਤੇ ਬਿਨੈਕਾਰ ਨੂੰ ਫੀਸ ਵੀ ਜਰਨਲ ਉਮੀਦਵਾਰ **ਦੇ** ਬਰਾਬਰ

ਦੇਣੀ ਹੋਵੇਗੀ, ਪਛੜੀਆਂ ਸ੍ਰੇਣੀਆਂ ਦਾ ਸਰਟੀਫਿਕੇਟ ਯੋਗ ਅਥਾਰਟੀ ਪਾਸੋਂ ਬਣਿਆ ਹੋਇਆ ਹੋਣਾ ਚਾਹੀਦਾ ਹੈ।

5. ਵੱਖ-2 ਕੈਟਾਗਰੀਆਂ ਦੇ ਲਈ ਰਾਖਵਾਕਰਨ ਰਾਜ ਸਰਕਾਰ ਦੀ ਨੀਤੀ ਅਨੁਸਾਰ ਹੀ ਹੋਵੇਗਾ।

6. ਬਿਨੈਕਾਰ ਨੂੰ ਦਸਤਾਵੇਜ਼ ਚੈਕ ਕਰਨ ਲਈ ਬੁਲਾਇਆ ਜਾ ਸਕਦਾ ਹੈ, ਜਿਸ ਬਾਰੇ **ਵਿਭਾਗ** ਦੀ ਵੈਬ ਸਾਈਟ ਤੇ ਦਰਸਾਇਆ ਜਾਵੇਗਾ ਅਤੇ **ਅਖਬਾਰਾਂ ਵਿੱਚ** ਪਬਲਿਕ **ਨੋਟਿਸ ਦਿੱਤਾ** ਜਾਵੇਗਾ।

7. **ਅਸਾਮੀਆਂ** ਦੀ ਗਿਣਤੀ ਵਧਾਈ-ਘਟਾਈ ਜਾ ਸਕਦੀ ਹੈ।

8. **ਬਿਨੈਕਾਰ** ਨੇ ਡਿਗਰੀ/ਡਿਪਲੋਮਾ ਮਾਣਤਾ ਪ੍ਰਾਪਤ ਸੰਸਥਾ/**ਯੂਨੀਵਰਸਿਟੀ** ਤੋਂ ਪ੍ਰਾਪਤ **ਕੀਤੀ ਹੋਵੇ**/ ਕੀਤਾ ਹੋਵੇ।

ਨੋਟ: **ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮ ਰਾਹੀਂ ਡਿਗਰੀ/ਡਿਪਲੋਮਾ ਪ੍ਰਾਪਤ ਕਰਨ ਵਾਲੇ ਉਮੀਦਵਾਰ ਉਕਤ ਅਸਾਮੀਆਂ ਲਈ ਅਪਲਾਈ ਕਰਨ ਦੀ ਖੇਚਲ ਨਾ ਕਰਨ।**

**ਉਪਰੋਕਤ** ਅਸਾਮੀ ਦੀ ਭਰਤੀ ਲਈ ਦਰਖਾਸਤਾ ਦੀ ਮੰਗ **ਕਰਦੇ ਸਮੇਂ ਉਕਤ** ਸਾਰੇ ਤੱ**ਥਾ ਨੂੰ ਅਖਬਾਰਾਂ** ਦੇ ਵਿਗਿਆਪਨ ਵਿਚ ਅਤੇ ਵਿਗਿਆਪਨ ਵੈਬਸਾਇਟ **ਤੇ ਅਪਲੋਡ** ਕਰਨ **ਸਮੇਂ ਸ਼ਾਮਲ ਕਰਨਾ** ਜਰੂਰੀ ਸਮਝਿਆ ਜਾਵੇ ਅਤੇ ਵਿਗਿਆਪਨਾ ਅਤੇ **ਵੈਬਸਾਇਟ ਤੇ** ਦਰਸਾਏ **ਪਬਲਿਕ ਨੋਟਿਸਾਂ** ਦੀ ਸਾਫਟ ਅਤੇ ਹਾਰਡ ਕਾਪੀ ਇਸ ਵਿਭਾਗ **ਨਾਲ ਸਾਂਝੀਆਂ** ਕੀਤੀਆਂ **ਜਾਣ।**

**ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ।**

29/11/16